ਰਾਜ ਨਕਸ਼ਾ

ਪੰਜਾਬ
पंजाब
PUNJAB

ਪੈਮਾਨਾ 1:500,000

ਭਾਰਤੀ ਸਰਵੇਖਣ ਵਿਭਾਗ | SURVEY OF INDIA

ਦੂਜਾ ਸੰਸਕਰਣ 2026.

ਪੈਮਾਨਾ 1:500,000

1 ਸੈਂਟੀਮੀਟਰ = 5 ਕਿਲੋਮੀਟਰ

ਕਿਲੋਮੀਟਰ 5 2.5 0 5 10 15 20 25 ਕਿਲੋਮੀਟਰ

ਏਸ ਏ ਏਸ ਨਗਰ ਦਾ ਪੂਰਾ ਨਾਂ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਹੈ ।
ਇਸ ਨਕਸ਼ੇ ਵਿੱਚ ਦਿੱਤੀ ਗਈ ਕੁਝ ਜਾਣਕਾਰੀ ਰਾਜ ਸਰਕਾਰ ਦੁਆਰਾ ਭੇਜੀ ਗਈ ਹੈ ।
ਹਰਿਆਣਾ ਅਤੇ ਪੰਜਾਬ ਰਾਜਾਂ ਦੇ ਪ੍ਰਸ਼ਾਸਕੀ ਹੈੱਡਕੁਆਰਟਰ ਚੰਡੀਗੜ੍ਹ ਵਿੱਚ ਹਨ ।
ਰਾਜਾਂ ਅਤੇ ਜ਼ਿਲਿਆਂ ਦੇ ਮੁੱਖ ਦਫ਼ਤਰ ਨਕਸ਼ੇ ਦੇ ਅੰਦਰਲੇ ਬਕਸੇ ਵਿੱਚ ਦਿਖਾਏ ਗਏ ਹਨ ।
ਉਪ-ਜ਼ਿਲ੍ਹੇ (ਤਹਿਸੀਲ) ਦਾ ਨਾਮ ਬਰੈਕਟਾ ਵਿੱਚ ਦਿਖਾਇਆ ਗਿਆ ਹੈ, ਜਿੱਥੇ ਇਹ ਮੁੱਖ ਦਫ਼ਤਰ ਦੇ ਨਾਮ ਤੋਂ ਵੱਖਰਾ ਹੈ, ਉਦਾਹਰਣ ਵਜੋਂ (ਮੋਹਾਲੀ) ।
ਅੰਮ੍ਰਿਤਸਰ-I ਅਤੇ II, ਜਲੰਧਰ-I ਅਤੇ II ਅਤੇ ਲੁਧਿਆਣਾ ਪੂਰਬ ਅਤੇ ਪਸ਼ਚਮ ਉਪ-ਜ਼ਿਲ੍ਹੇ (ਤਹਸਿਲਾਂ) ਪ੍ਰਸ਼ਾਸਨਿਕ ਹੈੱਡਕੁਆਰਟਰ ਕ੍ਰਮਵਾਰ: ਅੰਮ੍ਰਿਤਸਰ, ਜਲੰਧਰ, ਅਤੇ ਲੁਧਿਆਣਾ ਵਿੱਚ ਹਨ ।

ਪੰਜਾਬ

ਪੰਜਾਬ ਉੱਤਰ-ਪੱਛਮੀ ਭਾਰਤ ਵਿੱਚ ਇੱਕ ਰਾਜ ਹੈ। ਪਾਕਿਸਤਾਨ ਅਧੀਨ ਮੌਜੂਦਾ ਪੰਜਾਬ ਅਤੇ ਭਾਰਤੀ ਰਾਜ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਕਦੇ ਇਸ ਪੰਜਾਬ ਦਾ ਹਿੱਸਾ ਸਨ । ਕੇਂਦਰਸ਼ਾਸਤ ਪ੍ਰਦੇਸ਼ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹੈ। ਪੰਜਾਬ ਰਾਜ 12 ਜ਼ਿਲ੍ਹਿਆਂ ਵਿੱਚ ਵੰਡਿਆ ਹੋਇਆ ਹੈ । ਰਾਜ ਦਾ ਕੁੱਲ ਖੇਤਰਫਲ 50,362 ਵਰਗ ਕਿਲੋਮੀਟਰ ਹੈ ।

ਭਾਰਤ ਦੇ ਯੂਨਾਨੀ ਲੋਕ ਪੰਜਾਬ ਦੇ ਆਲੇ-ਦੁਆਲੇ ਦੇ ਖੇਤਰ ਨੂੰ ਪੈਂਟਾਪੋਟਾਮੀਆ ਕਹਿੰਦੇ ਸਨ, ਜਿਸਦਾ ਅਰਥ ਹੈ ਪੰਜ ਇਕੱਠੇ ਹੋਣ ਵਾਲੀਆਂ ਨਦੀਆਂ ਦਾ ਅੰਦਰੂਨੀ ਡੈਲਟਾ ਹੈ । ਇਹ ਪੰਜ ਨਦੀਆਂ ਸਤਲੁਜ, ਰਾਵੀ, ਝੇਲਮ, ਬਿਆਸ ਅਤੇ ਚਨਾਬ ਹਨ । ਪਾਰਸੀਆਂ ਦੇ ਪਵਿੱਤਰ ਗ੍ਰੰਥ, ਅਵੇਸਤਾ ਵਿੱਚ ਉੱਤਰ-ਪੱਛਮੀ ਭਾਰਤ ਦੇ ਖੇਤਰ ਨੂੰ ਪ੍ਰਾਚੀਨ ਹਫ਼ਤ ਹਿੰਦੂ ਅਤੇ ਸਪਤ-ਸਿੰਧੂ ਨਾਲ ਜੋੜਿਆ ਗਿਆ ਹੈ । ਮਹਾਂਕਾਵਿ ਮਹਾਂਭਾਰਤ ਵਿੱਚ, ਇਸ ਖੇਤਰ ਨੂੰ ਪੰਚਨਦ ਕਿਹਾ ਜਾਂਦਾ ਹੈ । ਇਹ ਸਾਰੇ ਹਵਾਲੇ ਪੰਜਾਬ ਦੇ ਇਤਿਹਾਸਕ ਅਤੇ ਸੱਭਿਆਚਾਰਕ ਮਹੱਤਵ ਨੂੰ ਦਰਸਾਉਂਦੇ ਹਨ । ਪਰ ਪੰਜਾਬ ਸ਼ਬਦ ਦਾ ਨਾਮ ਮੁਗਲ ਸਮਰਾਟ ਅਕਬਰ ਦੇ ਰਾਜ ਦੌਰਾਨ ਰੱਖਿਆ ਗਿਆ ਸੀ ਅਤੇ ਸਤਲੁਜ ਦੇ ਦੱਖਣ ਵੱਲ ਕੋਈ ਵੀ ਖੇਤਰ ਪੰਜਾਬ ਵਿੱਚ ਸ਼ਾਮਲ ਨਹੀਂ ਸੀ । ਇਤਿਹਾਸਕ ਤੌਰ ਤੇ, ਪੰਜਾਬ ਯੂਨਾਨੀਆਂ, ਮੱਧ ਏਸ਼ੀਆਈਆਂ, ਅਫਗਾਨਾਂ ਅਤੇ ਈਰਾਨੀਆਂ ਲਈ ਭਾਰਤੀ ਉਪ-ਮਹਾਂਦੀਪ ਦਾ ਪ੍ਰਵੇਸ਼ ਦੁਆਰ ਰਿਹਾ ਹੈ ।

ਪੰਦਰਵੀਂ ਅਤੇ ਸੋਲ੍ਹਵੀਂ ਸਦੀ ਵਿੱਚ ਪੰਜਾਬ ਦੇ ਇਤਿਹਾਸ ਨੇ ਇੱਕ ਨਵਾਂ ਮੋੜ ਲਿਆ । ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਕਾਰਨ ਇੱਥੇ ਭਗਤੀ ਲਹਿਰ ਨੂੰ ਗਤੀ ਮਿਲੀ । ਸਿੱਖ ਸੰਪਰਦਾ ਨੇ ਇੱਕ ਧਾਰਮਿਕ ਅਤੇ ਸਮਾਜਿਕ ਲਹਿਰ ਨੂੰ ਜਨਮ ਦਿੱਤਾ, ਜਿਸਦਾ ਮੁੱਖ ਉਦੇਸ਼ ਧਰਮ ਅਤੇ ਸਮਾਜ ਵਿੱਚ ਪ੍ਰਚਲਿਤ ਬੁਰਾਇਆਂ ਨੂੰ ਦੂਰ ਕਰਨਾ ਸੀ । ਦਸਵੇਂ ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਖਾਲਸਾ ਪੰਥ ਦੇ ਰੂਪ ਵਿੱਚ ਸੰਗਠਿਤ ਅਤੇ ਇੱਕਜੁੱਟ ਕੀਤਾ । ਉਨ੍ਹਾਂ ਨੇ ਦੇਸ਼ ਭਗਤੀ, ਧਰਮ ਨਿਰਪੱਖਤਾ ਅਤੇ ਮਨੁੱਖੀ ਕਦਰਾਂ-ਕੀਮਤਾਂ ਦੇ ਅਧਾਰ ਤੇ ਪੰਜਾਬੀ ਰਾਜ ਦੀ ਸਥਾਪਨਾ ਕੀਤੀ । 1849 ਵਿੱਚ ਪੰਜਾਬ ਬ੍ਰਿਟਿਸ਼ ਰਾਜ ਅਧੀਨਆ ਗਿਆ ।

ਪੰਜਾਬ ਭਾਰਤ ਦਾ 16 ਵਾਂ ਸਭ ਤੋਂ ਵੱਧ ਆਬਾਦੀ ਵਾਲਾ ਸੂਬਾ ਹੈ ਜਿਸਦੀ ਅੰਦਾਜ਼ਨ ਆਬਾਦੀ 3.2 ਮਿਲੀਅਨ ਹੈ, ਜਿਸ ਵਿੱਚੋਂ ਲਗਭਗ 57.7 ਪ੍ਰਤਿਸ਼ਤ ਸਿੱਖ ਅਤੇ 38.5 ਪ੍ਰਤਿਸ਼ਤ ਹਿੰਦੂ ਅਤੇ 1.9 ਪ੍ਰਤਿਸ਼ਤ ਮੁਸਲਮਾਨ ਹਨ । ਅੰਦਾਜ਼ਨ 86 ਪ੍ਰਤਿਸ਼ਤ ਪੰਜਾਬੀ ਬੋਲਣ ਵਾਲੇ ਹਨ ਅਤੇ 09 ਪ੍ਰਤਿਸ਼ਤ ਹਿੰਦੀ ਬੋਲਣ ਵਾਲੇ ਹਨ । ਪਰ ਹਿੰਦੀ ਲਗਭਗ ਪੂਰੀ ਆਬਾਦੀ ਦੁਆਰਾ ਸਮਝੀ ਜਾਂਦੀ ਹੈ, ਜਦੋਂ ਕਿ ਸ਼ਹਿਰਾਂ ਵਿੱਚ ਰਹਿਣ ਵਾਲੇ ਲੋਕ ਹਿੰਦੀ ਅਤੇ ਹੋਰ ਭਾਸ਼ਾਵਾਂ ਵੀ ਬੋਲਦੇ ਹਨ । ਪੰਜਾਬੀ ਵਰਗੀਆਂ ਕੁਝ ਭਾਸ਼ਾਵਾਂ ਪੰਜਾਬ ਦੇ ਦੂਜੇ ਰਾਜਾਂ ਦੀ ਸਰਹੱਦ ਨਾਲ ਲੱਗਦੇ ਖੇਤਰਾਂ ਵਿੱਚ ਵੀ ਬੋਲੀਆਂ ਜਾਂਦੀਆਂ ਹਨ। ਜਿਵੇਂ ਕਿ ਪਠਾਨਕੋਟ ਵਿੱਚ ਡੋਗਰੀ ਅਤੇ ਫਾਜ਼ਿਲਕਾ ਵਿੱਚ ਬਾਗੜੀ । ਕੁੱਝ ਲੋਕ 'ਨ੍ਹਾਂ ਨੂੰ ਪੰਜਾਬੀ ਦੀਆਂ ਉਪਭਾਸ਼ਾਵਾਂ ਮੰਨਦੇ ਹਨ, ਕੁਝ ਲੋਕ ਉਨ੍ਹਾਂ ਨੂੰ ਹਿੰਦੀ ਦੀਆਂ ਉਪਭਾਸ਼ਾਵਾਂ ਮੰਨਦੇ ਹਨ ਅਤੇ ਕੁਝ ਲੋਕ ਉਨ੍ਹਾਂ ਨੂੰ ਆਪਣੇ ਆਪ ਵਿੱਚ ਸੁਤੰਤਰ, ਵੱਖਰੀਆਂ ਭਾਸ਼ਾਵਾਂ ਮੰਨਦੇ ਹਨ ।

ਸਿੱਖਾਂ ਦੇ ਮੁੱਖ ਧਾਰਮਿਕ ਸਥਾਨ ਪੰਜਾਬ ਦੇ ਅੰਮ੍ਰਿਤਸਰ ਸ਼ਹਿਰ ਵਿੱਚ ਸ੍ਰੀ ਹਰਿਮੰਦਰ ਸਾਹਿਬ ਅਤੇ ਰੂਪਨਗਰ ਵਿੱਚ ਸ੍ਰੀ ਅੰਨਦਪੁਰ ਸਾਹਿਬ ਹਨ, ਜੋ ਕਿ ਸਿੱਖਾਂ ਦੇ ਸਭ ਤੋਂ ਪਵਿੱਤਰ ਸ਼ਹਿਰ ਹਨ। ਪੰਜਾਬ ਇੱਕ ਵਿਕਸਤ ਸੂਬਾ ਹੈ ਜੋ ਭਾਰਤ ਦੀ ਸੋਲ੍ਹਵੀਂ ਸਭ ਤੋਂ ਵੱਡੀ ਅਰਥਵਿਵਥਾ ਹੈ। ਵਿੱਤੀ ਸਾਲ 2025-26 ਵਿੱਚ ਪੰਜਾਬ ਦੀ ਜੀਡੀਪੀ 8.91 ਲੱਖ ਕਰੋੜ (ਪ੍ਰਤੀ ਵਿਅਕਤੀ 2,27,950) ਹੋਣ ਦਾ ਅਨੁਮਾਨ ਹੈ। ਵਿਗਿਆਨਕ ਸਾਜ਼ੋ-ਸਾਮਾਨ, ਖੇਤੀਬਾੜੀ, ਖੇਡਾਂ ਅਤੇ ਬਿਜਲੀ ਦਾ ਸਮਾਨ, ਸਿਲਾਈ ਮਸ਼ੀਨਾਂ, ਮਕੈਨੀਕਲ ਉਪਕਰਣ, ਸਾਈਕਲ, ਟੈਕਸਟਾਈਲ ਨਿਰਮਾਣ ਇਥੋਂ ਦੇ ਪ੍ਰਮੁੱਖ ਉਦਯੋਗ ਹਨ । ਫਤਿਗੜ੍ਹ ਸਾਹਿਬ ਵਿੱਚ ਮੰਡੀ ਗੋਬਿੰਦਗੜ੍ਹ ਸਟੀਲ ਸ਼ਹਿਰ ਵਜੋਂ ਮਸ਼ਹੂਰ ਹੈ ।

ਪੰਜਾਬ ਭਾਰਤ ਦੇ ਪ੍ਰਮੁੱਖ ਉਤਰੀ ਖੇਤੀਬਾੜੀ ਰਾਜਾਂ ਵਿਚੋਂ ਇੱਕ ਹੈ । ਖੇਤੀਬਾੜੀ ਅਤੇ ਭਾਰਤੀ ਅਰਥਵਿਵਸਥਾ ਵਿੱਚ ਇਸਦਾ ਯੋਗਦਾਨ ਸ਼ਾਨਦਾਰ ਰਿਹਾ ਹੈ ਅਤੇ ਇਸਨੇ ਭਾਰਤ ਨੂੰ ਭੋਜਨ ਦੇ ਮਾਮਲੇ ਵਿੱਚ ਆਤਮਨਿਰਭਰ ਬਣਾਇਆ ਹੈ । 2023-24 ਦੌਰਾਨ ਪੰਜਾਬ ਨੇ ਦੇਸ਼ ਦੇ ਕੇਂਦਰੀ ਅਨਾਜ ਵਿੱਚ 325.4 ਲੱਖ ਟਨ ਅਨਾਜ ਦਾ ਯੋਗਦਾਨ ਪਾਇਆ, ਜਿਸ ਵਿੱਚ ਕਣਕ ਦਾ ਉਤਪਾਦਨ 177.4 ਲੱਖ ਟਨ ਅਤੇ ਝੋਨੇ ਦਾ ਉਤਪਾਦਨ 146.8 ਲੱਖ ਟਨ ਸੀ । ਦੁੱਧ ਦਾ ਉਤਪਾਦਨ 140 ਲੱਖ ਟਨ ਸੀ ਜੋ ਕਿ ਪੂਰੇ ਦੇਸ਼ ਦਾ 5.85% ਹੈ ।

ਸੱਭਿਆਚਾਰਕ ਤੌਰ 'ਤੇ, ਪੰਜਾਬ ਆਪਣੇ ਰਵਾਇਤੀ ਊਰਜਾਵਾਨ ਲੋਕ ਨਾਚਾਂ ਲਈ ਜਾਣਿਆ ਜਾਂਦਾਂ ਹੈ ਜਿਨ੍ਹਾਂ ਨੂੰ ਭੰਗੜਾ (ਮਰਦਾਂ ਲਈ) ਅਤੇ ਗਿੱਧਾ (ਔਰਤਾਂ ਲਈ) ਕਿਹਾ ਜਾਂਦਾ ਹੈ ਜੋ ਵਾਢੀ ਦੇ ਤਿਉਹਾਰਾਂ ਅਤੇ ਹੋਰ ਜਸ਼ਨਾਂ ਦੌਰਾਨ ਪੇਸ਼ ਕੀਤੇ ਜਾਂਦੇ ਹਨ । ਝੂਮਰ, ਲੁੱਡੀ, ਸੰਮੀ ਅਤੇ ਕਿੱਕਲੀ ਹੋਰ ਰਵਾਇਤੀ ਲੋਕ ਨਾਚ ਹਨ। ਪੰਜਾਬ ਲੋਹੜੀ, ਵਿਸਾਖੀ ਅਤੇ ਗੁਰਪੁਰਬ ਵਰਗੇ ਤਿਉਹਾਰਾਂ ਅਤੇ ਸਰਸੋਂ ਦਾ ਸਾਗ, ਮੱਕੀ ਦੀ ਰੋਟੀ ਅਤੇ ਲੱਸੀ ਵਰਗੇ ਸੁਆਦੀ ਭੋਜਨ ਲਈ ਜਾਣਿਆ ਜਾਂਦਾ ਹੈ । ਪੰਜਾਬੀ ਸੰਗੀਤ ਅਤੇ ਸਿਨੇਮਾ ਵੀ ਦੁਨੀਆ ਭਰ ਵਿੱਚ ਪ੍ਰਸਿੱਧ ਹਨ, ਜੋ ਪ੍ਰਵਾਸੀਆਂ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਦੇ ਹਨ ।

ਆਪਣੀ ਇਤਿਹਾਸਕ ਵਿਰਾਸਤ, ਧਾਰਮਿਕ ਸਥਾਨਾਂ, ਉਪਜਾਊ ਜ਼ਮੀਨ ਅਤੇ ਆਧੁਨਿਕ ਸ਼ਹਿਰਾਂ ਦੇ ਨਾਲ, ਪੰਜਾਬ ਅਜੇ ਵੀ ਪਰੰਮਪਰਾ ਅਤੇ ਤਰੱਕੀ ਦਾ ਇੱਕ ਵਿਲੱਖਣ ਸੁਮੇਲ ਬਣਿਆ ਹੋਇਆ ਹੈ । ਇਹ ਨਾ ਸਿਰਫ਼ ਖੇਤੀਬਾੜੀ ਅਤੇ ਤਿਉਹਾਰਾਂ ਦੀ ਧਰਤੀ ਹੈ, ਸਗੋਂ ਭਾਰਤ ਦੀ ਤਾਕਤ, ਏਕਤਾ ਅਤੇ ਸੱਭਿਆਚਾਰਕ ਅਮੀਰੀ ਦਾ ਪ੍ਰਤੀਕ ਵੀ ਹੈ ।

ਨਿਰਦੇਸ਼

- ਹਾਉਸ ਦੀ ਹਾਵੇਚੀ — ਚੰਡੀਗੜ੍ਹ
- ਹੈੱਡਕੁਆਰਟਰ ਦਾ ਨਾਮ: ਰਾਜ, ਜ਼ਿਲ੍ਹਾ, ਉਪ-ਜ਼ਿਲ੍ਹਾ, ਹੋਰ ਸ਼ਹਿਰ — ਮੋਗਾ, ਜੀਰਾ, ਮਲੋਧ
- ਵਿਖਾ ਕੁਸਾਖਸ ਦਾ ਚਾਕ — ਮੋਗਾ
- ਖੇਤਰ, ਇਲਾਕਾ — ਪਟਨ ਘਾਟੀ
- ਪਹਾੜੀ ਸ਼ੇਣੀਆਂ — ਧੌਲਾ ਧਾਰ
- ਹੈੱਡਕੁਆਰਟਰ: ਰਾਜ, ਜ਼ਿਲ੍ਹਾ
- ਉਪ-ਜ਼ਿਲ੍ਹੇ (ਤਹਿਸੀਲ) ਮੁੱਖਿਆਲਿਆ ਦਾ ਚਾਕ, ਹੋਰ ਸ਼ਹਿਰ
- ਸੜਕਾਂ: ਸਵਰਿਮ ਚਤੁਰਭੁਜ, ਉੱਤਰੀ ਦੱਖਣੀ ਕੋਰੀਡੋਰ, — 48, 44
- ਸੜਕਾਂ: ਰਾਸ਼ਟਰੀ ਰਾਜਮਾਰਗ ਨੰ. ਸਮੇਤ ਖੇਤਰੀ ਹਾਈਵੇ, — 5
- ਸੜਕਾਂ: ਹੋਰ, ਪੈਦਲ ਮਾਰਗ
- ਰੇਲਵੇ: (ਵੱਡੀ ਲਾਈਨ) ਸਟੇਸ਼ਨ ਦੇ ਨਾਲ ਡਬਲ ਲਾਈਨ, ਸਿੰਗਲ ਲਾਈਨ — ਮੁਰਰੇਵਾਲ
- ਰੇਲਵੇ: ਹੋਰ
- ਨਦੀ, ਧਾਰਾ, ਜਲ ਸਰੋਤ, ਨਹਿਰ
- ਝੀਲ, ਝਰਨਾ, ਟਾਪੂ
- ਸੀਮਾਵਾਂ: ਅੰਤਰਰਾਸ਼ਟਰੀ, ਰਾਜ, ਜ਼ਿਲ੍ਹਾ, ਉਪ-ਜ਼ਿਲ੍ਹਾ (ਤਹਿਸੀਲ)
- ਮੰਦਰ, ਗੁਰਦੁਆਰਾ, ਕੋਸ ਮਿਨਾਰ, ਜੰਗ ਦਾ ਮੈਦਾਨ
- ਆਰਾਮ ਘਰ, ਕਿਲਾ
- ਉਚਾਈ ਤ੍ਰਿਕੋਣਮਿਤੀ ਸਟੇਸ਼ਨ ਬਿੰਦੂ ਸਿਓਆਰਐਸ — 435, 230
- ਹਵਾਈ ਅੱਡਾ: ਅੰਤਰਰਾਸ਼ਟਰੀ, ਹੋਰ

ਇਸ ਨਕਸ਼ੇ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਡਾਇਰੈਕਟਰ ਨਾਲ ਸੰਪਰਕ ਕਰੋ ।

ਨਿਦੇਸ਼ਕ
ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਭੂ-ਸਥਾਨਕ ਡਾਇਰੈਕਟੋਰੇਟ
ਭਾਰਤੀ ਸਰਵੇਖਣ ਵਿਭਾਗ, ਸਰਵੇਖਣ ਪਰਿਸਰ
ਦੱਖਣ ਮਾਰਗ ਸੈਕਟਰ 32 ਏ, ਚੰਡੀਗੜ੍ਹ ਪਿਨ – 160030
ਈ-ਮੇਲ ਆਈ ਡੀ phc.gdc.soi@gov.in

Website- www.surveyofindia.gov.in

ਰਾਸ਼ਟਰੀ ਮੈਪਿੰਗ ਏਜੰਸੀ, ਭਾਰਤੀ ਸਰਵੇਖਣ ਵਿਭਾਗ ਦੀ ਇਜਾਜ਼ਤ ਤੋਂ ਬਿਨਾਂ ਕਿਸੇ ਵੀ ਮਾਧਿਅਮ ਵਿੱਚ ਪੂਰੇ ਜਾਂ ਕਿਸੇ ਵੀ ਹਿੱਸੇ ਦਾ ਪ੍ਰਜਨਨ ਵਰਜਿਤ ਹੈ ।



ਰਜਿ. ਨੰ. 376 ਭਾ. ਸ. ਵੀ. ਮੁ. ਡੀ'26 (ਪੀ.ਐਚ.ਪੀ. ਅਤੇ ਚੰਡੀਗੜ੍ਹ ਭੂ-ਸਥਾਨਕ ਡਾਇਰੈਕਟੋਰੇਟ-1:5,00,000)
ਪਹਿਲਾ ਐਡੀਸ਼ਨ 2025, ਦੂਜਾ ਐਡੀਸ਼ਨ 2026.

ਭਾਰਤ ਦੇ ਸਰਵੇਖਣ ਜਨਰਲ ਹਿਤੇਸ਼ ਕੁਮਾਰ ਐਸ. ਮਕਵਾਨਾ, ਡਾ.ਪ੍ਰ.ਸੇ ਦੇ ਨਿਰਦੇਸ਼ਨ ਹੇਠ ਪ੍ਰਕਾਸ਼ਿਤ
ਭਾਰਤੀ ਸਰਵੇਖਣ ਵਿਭਾਗ, ਹਾਥੀਬੜਕਲਾ ਅਸਟੇਟ, ਪੋਸਟ ਬਾਕਸ ਨੰਬਰ 37, ਦੇਹਰਾਦੂਨ-248001 (ਉੱਤਰਾਖੰਡ),
ਵਿਗਿਆਨ ਅਤੇ ਤਕਨਾਲੋਜੀ ਵਿਭਾਗ, ਭਾਰਤ ਸਰਕਾਰ
2026.

ਪ੍ਰੋਜੈਕਸ਼ਨ : ਲੈਂਬਰਟ ਸਮਾਨ ਕੋਣਿਕ   ਆਧਾਰ : ਡਬਲਯੂ ਜੀ ਐਸ 84

ਭਾਰਤੀ ਸਰਵੇਖਣ ਵਿਭਾਗ ਪ੍ਰਿੰਟਿੰਗ ਪ੍ਰੈਸ ਵਿੱਚ ਛਾਪਿਆ ਗਿਆ ।
© ਭਾਰਤ ਸਰਕਾਰ ਦਾ ਕਾਪੀਰਾਈਟ ਐਕਟ, 2026 ।

Refer to this map as :- 1:500,000 State map of
PUNJAB SECOND EDITION
INDIA भारत